بِسْمِ اللّٰهِ الرَّحْمٰنِ الرَّحِيْمِ    نَحْمَدُهٗ وَنُصَلِّی عَلٰی رَسُوْلِهِ الْكَرِيْمِ    وَعَلٰی عَبْدِهِ الْمَسِيْحِ الْمَوْعُوْدِ

لَآ اِلٰهَ اِلَّا اللّٰهُ مُحَمَّدٌ رَّسُوْلُ اللّٰهِ


دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਸੱਚਾਈ ਦੇ ਹਵਾਲੇ ਨਾਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਬਾਰਕ ਸੀਰਤ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 24 ਅਪ੍ਰੈਲ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸੱਚਾਈ ਦੇ ਉੱਚੇ ਮਿਆਰ ਦੇ ਹਵਾਲੇ ਨਾਲ ਆਪ ﷺ ਦੇ ਬਿਹਤਰੀਨ ਉਸਵੇ ਅਤੇ ਮੋਮਿਨਾਂ ਨੂੰ ਨਸੀਹਤ ਅਤੇ ਹਿਦਾਇਤ ਦਾ ਜ਼ਿਕਰ ਪਿਛਲੇ ਖ਼ੁਤਬੇ ਵਿੱਚ ਹੋਇਆ ਸੀ। ਇਸ ਸਿਲਸਿਲੇ ਵਿੱਚ ਹੋਰ ਬਿਆਨ ਕਰਾਂਗਾ। ਆਪ ﷺ ਨੇ ਫ਼ਰਮਾਇਆ: ਇਨਸਾਨ ਦੇ ਝੂਠੇ ਹੋਣ ਲਈ ਇਹੀ ਨਿਸ਼ਾਨੀ ਕਾਫ਼ੀ ਹੈ ਕਿ ਹਰ ਸੁਣੀ ਸੁਣਾਈ ਗੱਲ ਨੂੰ ਲੋਕਾਂ ਵਿੱਚ ਬਿਆਨ ਕਰਦਾ ਫਿਰੇ। ਹੁਣ ਦੇਖੋ ਕਿ ਇਹ ਆਦਤ ਆਮ ਤੌਰ 'ਤੇ ਲੋਕਾਂ ਵਿੱਚ ਹੁੰਦੀ ਹੈ, ਜਮਾਅਤ ਵਿੱਚ ਵੀ ਕੁੱਝ ਲੋਕਾਂ ਵਿੱਚ ਬਹੁਤ ਜ਼ਿਆਦਾ ਮੌਜੂਦ ਹੈ।

ਫਿਰ ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਆਪ ﷺ ਦੇ ਸਹਾਬਾ ਨੂੰ ਝੂਠ ਤੋਂ ਵਧ ਕੇ ਕੋਈ ਆਦਤ ਜ਼ਿਆਦਾ ਨਾ-ਪਸੰਦ ਨਹੀਂ ਸੀ। ਜੇਕਰ ਕੋਈ ਸ਼ਖ਼ਸ ਨਬੀ ਕਰੀਮ ﷺ ਦੇ ਸਾਹਮਣੇ ਝੂਠ ਬੋਲ ਦਿੰਦਾ ਤਾਂ ਉਹ ਗੱਲ ਆਪ ﷺ ਦੇ ਦਿਲ ਵਿੱਚ ਰਹਿੰਦੀ। ਆਪ ﷺ ਨੂੰ ਪਤਾ ਹੁੰਦਾ ਕਿ ਝੂਠ ਬੋਲਿਆ ਹੈ ਅਤੇ ਆਪ ﷺ ਨੂੰ ਉਸ ਦਾ ਬੜਾ **ਦਰਦ** ਹੁੰਦਾ ਅਤੇ ਉਸਨੂੰ ਮਹਿਸੂਸ ਕਰਦੇ ਅਤੇ ਦਿਲ ਵਿੱਚ ਵੀ ਰੱਖਦੇ ਸਨ, ਇੱਥੋਂ ਤੱਕ ਕਿ ਆਪ ﷺ ਨੂੰ ਪਤਾ ਲੱਗ ਜਾਂਦਾ ਕਿ ਉਸ ਨੇ **ਤੌਬਾ** ਕਰ ਲਈ ਹੈ ਅਤੇ **ਸੁਧਾਰ** ਕਰ ਲਿਆ ਹੈ ਅਤੇ ਝੂਠ ਬੋਲਣ ਤੋਂ ਉਸ ਨੇ ਮੁਕੰਮਲ ਤੌਰ 'ਤੇ **ਪਰਹੇਜ਼** ਸ਼ੁਰੂ ਕਰ ਦਿੱਤਾ ਹੈ।

ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਅਸਮਾ ਰਜ਼ਿ ਅੱਲਾਹੁ ਅਨਹਾ ਤੋਂ ਰਿਵਾਇਤ ਹੈ ਕਿ ਇੱਕ ਔਰਤ ਨਬੀ ਕਰੀਮ ﷺ ਦੇ ਕੋਲ ਆਈ ਅਤੇ ਅਰਜ਼ ਕੀਤਾ ਕਿ ਮੇਰੀ ਇੱਕ **ਸੌਂਕਣ** ਹੈ, ਕੀ ਮੇਰੇ 'ਤੇ ਗੁਨਾਹ ਹੈ ਕਿ ਮੈਂ ਆਪਣੇ **ਸ਼ੌਹਰ** ਦੇ ਮਾਲ ਵਿੱਚੋਂ ਰੱਜੇ ਪੁੱਜੇ ਹੋਣ ਦਾ ਇਜ਼ਹਾਰ ਕਰਾਂ ਕਿ ਮੈਨੂੰ ਮੇਰਾ ਸ਼ੌਹਰ ਜ਼ਿਆਦਾ ਦਿੰਦਾ ਹੈ, ਜੋ ਉਸ ਨੇ ਮੈਨੂੰ ਨਹੀਂ ਦਿੱਤਾ ਹੁੰਦਾ, ਮੈਂ ਸਿਰਫ਼ ਉਸ ਨੂੰ ਚਿੜਾਉਣਾ ਚਾਹੁੰਦੀ ਹਾਂ, ਉਸ ਨੂੰ ਤੰਗ ਕਰਨਾ ਚਾਹੁੰਦੀ ਹਾਂ। ਨਬੀ ਕਰੀਮ ﷺ ਨੇ ਫ਼ਰਮਾਇਆ ਜਿਹੜਾ ਸ਼ਖ਼ਸ ਉਸ ਚੀਜ਼ ਤੋਂ, ਜਿਹੜੀ ਉਸ ਨੂੰ ਨਹੀਂ ਦਿੱਤੀ ਗਈ, ਰੱਜੇ ਹੋਣ ਦਾ ਇਜ਼ਹਾਰ ਕਰਦਾ ਹੈ ਉਹ ਅਜਿਹਾ ਹੈ ਜਿਵੇਂ ਝੂਠ ਦੇ ਦੋ ਕੱਪੜੇ ਪਹਿਨਣ ਵਾਲਾ।

ਇਸ ਦੀ ਵਿਆਖਿਆ ਵਿੱਚ ਲਿਖਿਆ ਹੈ ਕਿ ਕੱਪੜੇ ਦਾ ਲਫ਼ਜ਼ ਇੱਥੇ ਬ-ਤੌਰ ਮਿਸਾਲ ਇਸਤੇਮਾਲ ਹੋਇਆ ਹੈ। ਇਸ ਦੇ ਮਾਇਨੇ ਇਹ ਹਨ ਕਿ ਉਹ ਸ਼ਖ਼ਸ ਝੂਠ ਅਤੇ ਫ਼ਰੇਬ ਤੋਂ ਕੰਮ ਲੈਣ ਵਾਲਾ ਹੈ, ਉਸਨੇ ਝੂਠ ਦੇ ਦੋ ਕੱਪੜੇ ਪਹਿਨ ਰੱਖੇ ਹਨ। ਇੱਕ ਨੂੰ ਓੜ੍ਹਿਆ ਹੋਇਆ ਹੈ ਅਤੇ ਦੂਸਰੇ ਨੂੰ ਚਾਦਰ ਦੀ ਤਰ੍ਹਾਂ ਬੰਨ੍ਹਿਆ ਹੋਇਆ ਹੈ।

ਨਬੀ ਕਰੀਮ ﷺ ਨੇ ਫ਼ਰਮਾਇਆ: ਚਾਰ ਆਦਤਾਂ ਜਿਸ ਵਿੱਚ ਹੋਣ ਉਹ ਪੂਰਾ **ਮੁਨਾਫ਼ਿਕ਼** ਹੁੰਦਾ ਹੈ ਅਤੇ ਜਿਸ ਵਿੱਚ ਇਨ੍ਹਾਂ ਚਾਰਾਂ ਆਦਤਾਂ ਵਿੱਚੋਂ ਇੱਕ ਵੀ ਆਦਤ ਹੋਵੇ, ਉਸ ਵਿੱਚ ਵੀ **ਨਿਫ਼ਾਕ਼** ਦੀ ਆਦਤ ਹੋਵੇਗੀ ਜਦ ਤੱਕ ਉਸ ਨੂੰ ਛੱਡ ਨਾ ਦੇਵੇ। 1) ਜੇਕਰ ਉਸ ਦੇ ਕੋਲ **ਅਮਾਨਤ** ਰੱਖੀ ਜਾਵੇ ਤਾਂ ਉਹ ਖ਼ਿਆਨਤ ਕਰਦਾ ਹੈ ਅਤੇ 2) ਜਦ ਗੱਲ ਕਰਦਾ

ਹੈ ਤਾਂ **ਝੂਠ** ਬੋਲਦਾ ਹੈ ਅਤੇ 3) ਜਦ ਵਾਅਦਾ ਕਰਦਾ ਹੈ ਤਾਂ ਵਾਅਦਾ **ਤੋੜਦਾ** ਹੈ ਅਤੇ 4) ਜਦ ਝਗੜਾ ਕਰਦਾ ਹੈ ਤਾਂ **ਗਾਲ਼ਾਂ** ਦਿੰਦਾ ਹੈ।

ਇਹ ਸਾਰੀਆਂ ਗੱਲਾਂ ਅਜਿਹੀਆਂ ਹਨ ਜੋ ਕਿਸੇ ਨਾ ਕਿਸੇ ਤਰ੍ਹਾਂ ਸਿੱਧੇ ਤੌਰ 'ਤੇ ਝੂਠ ਵੱਲ ਲੈ ਕੇ ਜਾਣ ਵਾਲ਼ੀਆਂ ਗੱਲਾਂ ਹਨ ਜਾਂ ਇਨ੍ਹਾਂ ਨਾਲ਼ ਝੂਠ ਦਾ ਇਜ਼ਹਾਰ ਹੁੰਦਾ ਹੈ।

ਨਬੀ ਕਰੀਮ ﷺ ਨੇ ਫ਼ਰਮਾਇਆ: ਜਦ ਕੋਈ ਬੰਦਾ ਝੂਠ ਬੋਲਦਾ ਹੈ ਤਾਂ ਫ਼ਰਿਸ਼ਤਾ ਉਸ ਤੋਂ ਇੱਕ ਮੀਲ ਦੂਰ ਹੋ ਜਾਂਦਾ ਹੈ, ਉਸ ਦੀ ਬਦਬੂ ਦੀ ਵਜ੍ਹਾ ਨਾਲ਼ ਜਿਹੜਾ ਉਸਨੇ ਗੁਨਾਹ ਕੀਤਾ ਹੈ।

ਨਬੀ ਕਰੀਮ ﷺ ਇੱਕ ਵਾਰ **ਅਨਾਜ** ਦੇ ਇੱਕ ਢੇਰ ਦੇ ਕੋਲੋਂ ਲੰਘੇ। ਆਪ ﷺ ਨੇ ਆਪਣਾ ਹੱਥ ਉਸ ਦੇ ਅੰਦਰ ਪਾਇਆ ਤਾਂ ਆਪ ﷺ ਦੀ ਉਂਗਲ਼ੀਆਂ ਨੂੰ ਨਮੀ ਲੱਗੀ। ਆਪ ﷺ ਨੇ ਫ਼ਰਮਾਇਆ ਇਹ ਕੀ ਮਾਮਲਾ ਹੈ? ਇਹ ਅੰਦਰੋਂ ਗਿੱਲਾ ਹੈ। ਅਨਾਜ ਵਾਲ਼ੇ ਨੇ ਕਿਹਾ ਕਿ ਐ ਅੱਲਾਹ ਦੇ ਰਸੂਲ ﷺ! ਇਸ 'ਤੇ ਮੀਂਹ ਪੈ ਗਿਆ ਸੀ। ਆਪ ﷺ ਨੇ ਫ਼ਰਮਾਇਆ, ਤਾਂ ਤੂੰ ਉਸ ਅਨਾਜ ਨੂੰ ਉੱਪਰ ਕਿਉਂ ਨਾ ਕਰ ਦਿੱਤਾ। (ਜੇਕਰ ਇਸ 'ਤੇ ਮੀਂਹ ਪੈ ਗਿਆ ਸੀ ਤਾਂ ਉੱਪਰ ਰੱਖ ਦਿੰਦਾ ਤਾਂ ਜੋ ਲੋਕ ਉਸ ਨੂੰ ਦੇਖ ਸਕਦੇ) ਆਪ ﷺ ਨੇ ਫ਼ਰਮਾਇਆ: ਜਿਸ ਨੇ **ਧੋਖਾ** ਦਿੱਤਾ ਉਹਦਾ ਮੇਰੇ ਨਾਲ਼ ਕੋਈ ਸੰਬੰਧ ਨਹੀਂ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਬਸ ਅੱਜ ਅਸੀਂ ਜਿਹੜੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਮੰਨ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਹਕ਼ੀਕ਼ੀ ਇਮਾਨ ਲਿਆਉਣ ਦਾ ਐਲਾਨ ਕਰਦੇ ਹਾਂ ਤਾਂ ਸਾਡੀ ਹਰ **ਕਰਨੀ** ਅਤੇ **ਕਥਨੀ** ਵਿੱਚ ਸੱਚਾਈ ਦਾ ਉੱਚਾ ਮਿਆਰ ਹੋਣਾ ਚਾਹੀਦਾ ਹੈ ਨਹੀਂ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਇਹ ਨਹੀਂ ਤਾਂ ਤੁਹਾਡਾ ਮੇਰੇ ਨਾਲ਼ ਕੋਈ ਸੰਬੰਧ ਨਹੀਂ।

ਆਪ ﷺ ਹਮੇਸ਼ਾ ਸੱਚ ਬੋਲਣ ਅਤੇ ਅਮਾਨਤ, ਦਿਆਨਤ ਵਿੱਚ ਸਭ ਤੋਂ ਉੱਘੇ ਹੋਣ ਦੀ ਵਜ੍ਹਾ ਨਾਲ਼ ਲੋਕਾਂ ਵਿੱਚ **ਸਾਦਿਕ਼** ਅਤੇ **ਅਮੀਨ** ਮਸ਼ਹੂਰ ਸਨ। ਇੱਕ ਲੇਖਕ ਨੇ ਲਿਖਿਆ ਹੈ ਕਿ ਮੁਹੰਮਦ ﷺ ਤੋਂ ਪਹਿਲਾਂ ਜਾਹਿਲੀਅਤ ਦੇ ਜ਼ਮਾਨੇ ਵਿੱਚ ਉਨ੍ਹਾਂ ਦੇ ਕੋਲ਼ ਆਪ ﷺ ਤੋਂ ਪਹਿਲਾਂ ਕੋਈ ਡਰਾਉਣ ਵਾਲ਼ਾ ਨਹੀਂ ਆਇਆ ਸੀ ਯਾਨੀ ਕ਼ੌਮ ਵਿੱਚ ਕੋਈ ਨਬੀ ਨਹੀਂ ਆਇਆ ਸੀ। ਲੋਕ ਬੁੱਤਾਂ, ਮੂਰਤੀਆਂ ਅਤੇ ਸ਼ੈਤਾਨਾਂ ਦੀ ਇਬਾਦਤ ਕਰਦੇ ਸਨ ਅਤੇ ਆਪ ﷺ ਉਨ੍ਹਾਂ ਲੋਕਾਂ ਯਾਨੀ ਸ਼ੈਤਾਨਾਂ ਦੀ ਪੂਜਾ ਕਰਨ ਵਾਲਿਆਂ ਅਤੇ ਬੁੱਤ ਪ੍ਰਸਤਾਂ ਦੇ ਦਰਮਿਆਨ ਸਨ। ਆਪ ﷺ ਨੇ ਕਦੀ ਕਿਸੇ ਬੁੱਤ ਦੇ ਵੱਲ ਰੁਚੀ ਨਹੀਂ ਰੱਖੀ ਅਤੇ ਨਾ ਉਨ੍ਹਾਂ ਲੋਕਾਂ ਦੇ ਨਾਲ਼ ਕਿਸੇ ਦਰਬਾਰ ਵਿੱਚ ਸ਼ਰੀਕ ਹੋਏ। ਆਪ ﷺ ਕੋਲੋਂ ਕਦੀ ਝੂਠ ਨਹੀਂ ਸੁਣਿਆ ਗਿਆ। ਲੋਕ ਆਪ ﷺ ਨੂੰ **ਸਦੂਕ਼**, **ਅਮੀਨ**, **ਨਰਮੀ** ਕਰਨ ਵਾਲ਼ਾ ਅਤੇ ਨਿਹਾਇਤ **ਮਿਹਰਬਾਨ** ਸਮਝਦੇ ਸਨ। ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਇਸਲਾਮ ਤੋਂ ਪਹਿਲਾਂ ਜਾਹਿਲੀਅਤ ਦੇ ਜ਼ਮਾਨੇ ਵਿੱਚ ਨਬੀ ਕਰੀਮ ﷺ ਕੋਲੋਂ ਫ਼ੈਸਲੇ ਕਰਵਾਏ ਜਾਂਦੇ ਸਨ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਆਪ ﷺ ਦੇ ਚੰਗੇ ਅਖ਼ਲਾਕ਼ ਦੀ ਸਮੂਹਿਕ ਗਵਾਹੀ ਹੈ ਜਿਹੜੀ ਆਪ ﷺ ਦੀ ਕ਼ੌਮ ਨੇ ਦਿੱਤੀ। ਆਪ ﷺ ਦੀ ਨਬੁੱਵਤ ਦੇ ਦਾਅਵੇ ਤੋਂ ਪਹਿਲਾਂ ਆਪ ﷺ ਦੀ ਕ਼ੌਮ ਨੇ ਆਪ ﷺ ਦਾ ਨਾਮ **ਅਮੀਨ** ਅਤੇ **ਸਿੱਦੀਕ਼** ਰੱਖਿਆ। ਦੁਨੀਆ ਵਿੱਚ ਅਜਿਹੇ ਲੋਕ ਵੀ ਬਹੁਤ ਹੁੰਦੇ ਹਨ ਜਿਨ੍ਹਾਂ ਨੂੰ ਕਿਸੇ ਕੜੀ ਆਜ਼ਮਾਇਸ਼ ਵਿੱਚੋਂ ਲੰਘਣ ਦਾ ਮੌਕ਼ਾ ਨਹੀਂ ਮਿਲ਼ਦਾ। ਹਾਂ ਆਮ ਆਜ਼ਮਾਇਸ਼ਾਂ 'ਚੋਂ ਲੰਘਦੇ ਹਨ ਪਰ ਉਸ ਦੇ ਬਾਵਜੂਦ ਉਨ੍ਹਾਂ ਦੀ ਕ਼ੌਮ ਉਨ੍ਹਾਂ ਨੂੰ ਕੋਈ ਖ਼ਾਸ ਨਾਮ ਨਹੀਂ ਦਿੰਦੀ। ਜਿਵੇਂ ਲੜਾਈ ਵਿੱਚ ਸ਼ਾਮਿਲ਼ ਹੋਣ ਵਾਲ਼ਾ ਹਰ ਸਿਪਾਹੀ ਜਾਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ ਪਰ ਕ਼ੌਮ ਹਰ ਇੱਕ ਨੂੰ **ਵਿਕਟੋਰੀਆ ਕਰਾੱਸ** ਨਹੀਂ ਦਿੰਦੀ। ਨਾ ਜਰਮਨ ਕ਼ੌਮ ਹਰ ਇੱਕ ਨੂੰ **ਆਇਰਨ ਕਰਾੱਸ** ਦਿੰਦੀ ਹੈ। ਅਜਿਹਾ ਹੀ ਕਿਸੇ ਸ਼ਖ਼ਸ ਨੂੰ ਸਾਰੀ ਕ਼ੌਮ ਦਾ **ਅਮੀਨ** ਅਤੇ **ਸਿੱਦੀਕ਼** ਦਾ ਖ਼ਿਤਾਬ ਦੇਣਾ ਗ਼ੈਰ ਮਾਮੂਲੀ ਗੱਲ ਹੈ। ਬਸ ਅਰਬ ਦੀ ਸੈਂਕੜਾਂ ਸਾਲਾਂ ਦੀ ਤਾਰੀਖ਼ ਵਿੱਚ ਕ਼ੌਮ ਦਾ ਇੱਕ ਹੀ ਸ਼ਖ਼ਸ ਨੂੰ **ਅਮੀਨ** ਅਤੇ **ਸਿੱਦੀਕ਼** ਦਾ ਖ਼ਿਤਾਬ ਦੇਣਾ ਦੱਸਦਾ ਹੈ ਕਿ ਉਸ ਦੀ ਅਮਾਨਤ ਅਤੇ ਉਸਦੀ ਸੱਚਾਈ ਦੋਹੇਂ ਉੱਚੇ ਦਰਜੇ ਦੇ ਸਨ ਕਿ ਉਨ੍ਹਾਂ ਦੀ ਮਿਸਾਲ ਅਰਬਾਂ ਦੇ ਇਲਮ ਵਿੱਚ ਕਿਸੇ ਹੋਰ ਸ਼ਖ਼ਸ ਵਿੱਚ ਨਹੀਂ ਪਾਈ ਜਾਂਦੀ ਸੀ। ਅਰਬ ਆਪਣੀ ਬਾਰੀਕ ਬੀਨੀ

ਦੀ ਵਜ੍ਹਾ ਨਾਲ਼ ਦੁਨੀਆ ਵਿੱਚ ਉੱਘੇ ਸਨ। ਬਸ ਜਿਸ ਚੀਜ਼ ਨੂੰ ਉਹ **ਵਿਲੱਖਣ** ਕ਼ਰਾਰ ਦੇਣ ਉਹ ਯਕ਼ੀਨਨ ਦੁਨੀਆ ਵਿੱਚ ਵਿਲੱਖਣ ਹੀ ਸਮਝੀ ਜਾਣ ਦੇ ਕ਼ਾਬਿਲ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਬਿਆਨ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਜਗ੍ਹਾ ਲਿਖਿਆ ਹੈ ਕਿ ਨਬੀ ਕਰੀਮ ﷺ ਆਪਣੀ ਪਤਨੀ ਨੂੰ ਸੂਚਨਾ ਦਿੰਦੇ ਹਨ ਕਿ ਮੇਰੇ 'ਤੇ ਵਹੀ (ਆਕਾਸ਼ ਬਾਣੀ) ਹੋਈ ਹੈ। ਪਤਨੀ ਇਹ ਨਹੀਂ ਕਹਿੰਦੀ ਕਿ ਕੀ ਤੁਸੀਂ ਝੂਠ ਬਣਾਉਣ ਲੱਗੇ ਹੋ? ਬਲਕਿ ਉਹ ਕਹਿੰਦੀ ਹੈ ਕਿ ਤੁਸੀਂ ਘਬਰਾਓ ਨਹੀਂ, ਆਪ ﷺ ਨੇ ਜੋ ਕੁੱਝ ਦੇਖਿਆ ਹੈ ਠੀਕ ਦੇਖਿਆ ਹੈ। ਅੱਲਾਹ ਤਆਲਾ ਆਪ ﷺ ਨੂੰ ਵਿਅਰਥ ਨਹੀਂ ਜਾਣ ਦੇਵੇਗਾ ਕਿਉਂਕਿ ਤੁਸੀਂ ਝੂਠ ਨਹੀਂ ਬੋਲਦੇ, ਗ਼ਰੀਬ ਦਾ ਬੋਝ ਉਠਾਉਂਦੇ ਹੋ, ਗੁੰਮ ਹੋ ਚੁੱਕੀਆਂ ਨੇਕੀਆਂ ਨੂੰ ਕ਼ਾਇਮ ਕਰਦੇ ਹੋ, ਮਹਿਮਾਨਾਂ ਦੀ ਮਹਿਮਾਨ ਨਵਾਜ਼ੀ ਕਰਦੇ ਹੋ, ਸੱਚਾਈ ਅਤੇ ਹੱਕ਼ ਦੀ ਮਦਦ ਕਰਦੇ ਹੋ। ਉਹ ਆਪ ﷺ ਨੂੰ ਆਪਣੇ ਭਾਈ ਵਰਕ਼ਃ ਬਿਨ ਨੌਫ਼ਲ ਦੇ ਕੋਲ਼ ਲੈ ਜਾਂਦੀ ਹੈ। ਉਹ ਬਾਈਬਲ ਦੇ ਗਿਆਨੀ ਸਨ। ਉਹ ਸੁਣਦੇ ਹੀ ਕਹਿੰਦੇ ਹਨ ਕਿ ਇਸ ਵਹੀ (ਆਕਾਸ਼ ਬਾਣੀ) ਵਿੱਚ ਵੈਸੇ ਹੀ ਹੁਕਮ ਅਤੇ ਫ਼ਰਮਾਨ ਪਾਏ ਜਾਂਦੇ ਹਨ ਜਿਵੇਂ ਕਿ ਹਜ਼ਰਤ ਮੂਸਾ ਅਲੈਹਿੱਸ੍ ਸਲਾਮ ਦੀ ਵਹੀ (ਆਕਾਸ਼ ਬਾਣੀ) ਵਿੱਚ ਸਨ। ਘਰ ਵਿੱਚ ਚਚੇਰਾ ਭਾਈ ਹੈ ਜੋ ਨੌਜਵਾਨ ਹੈ ਅਤੇ ਨੌਜਵਾਨਾਂ ਵਿੱਚ ਤਬਲੀਗ਼ ਦਾ ਚੰਗਾ ਜ਼ਰੀਆ ਬਣ ਸਕਦਾ ਹੈ। ਉਹ ਭਾਈ ਭਾਬੀ ਦੀਆਂ ਗੱਲਾਂ ਸੁਣ ਕੇ ਕਹਿੰਦਾ ਹੈ ਕਿ ਮੈਂ ਵੀ ਯਕ਼ੀਨ ਰੱਖਦਾ ਹਾਂ ਕਿ ਤੁਸੀਂ ਸੱਚੇ ਹੋ ਅਤੇ ਜ਼ਰੂਰ ਖ਼ੁਦਾ ਤਆਲਾ ਨੇ ਆਪ ﷺ ਨਾਲ਼ ਗੱਲਾਂ ਕੀਤੀਆਂ ਹਨ। ਫਿਰ ਇੱਕ ਆਜ਼ਾਦ ਕੀਤਾ ਹੋਇਆ ਗ਼ੁਲਾਮ ਹੈ ਜਿਹੜਾ ਆਪ ﷺ ਦੇ **ਅਖ਼ਲਾਕ਼** ਦਾ ਸ਼ਿਕਾਰ ਹੋ ਗਿਆ, ਮਾਂ ਬਾਪ ਨੂੰ ਛੱਡ ਕੇ ਆਪ ﷺ ਦੇ ਬੂਹੇ 'ਤੇ ਬੈਠ ਗਿਆ। ਜਦ ਹੌਲ਼ੀ ਹੌਲ਼ੀ ਹੋਣ ਵਾਲ਼ੀਆਂ ਗੱਲਾਂ ਨੂੰ ਸੁਣਦਾ ਹੈ ਅਤੇ ਆਪਣੇ ਆਕ਼ਾ ਦੇ ਚਿਹਰੇ 'ਤੇ **ਫ਼ਿਕਰ** ਦੇਖਦਾ ਹੈ ਤਾਂ ਅੱਗੇ ਵਧ ਕੇ ਆਪਣੇ ਆਕ਼ਾ ਦੇ ਦਾਮਨ ਨੂੰ ਥਮ ਲੈਂਦਾ ਹੈ ਅਤੇ ਕਹਿੰਦਾ ਹੈ ਐ ਮੇਰੇ ਆਕ਼ਾ! ਉਹੀ ਹੋਵੇਗਾ ਜੋ ਆਪ ﷺ ਨੇ ਦੇਖਿਆ ਹੈ। ਜੋ ਆਪ ﷺ ਨੇ ਕਿਹਾ, ਜੋ ਆਪ ﷺ ਨੇ ਦੇਖਿਆ ਉਹ ਸੱਚ ਹੈ, ਮੈਨੂੰ ਵੀ ਆਪਣੇ ਨਾਲ਼ ਰਹਿਣ ਦਿਓ। ਫਿਰ ਇੱਕ ਗਹਿਰਾ ਦੋਸਤ ਹੈ ਗੋਇਆ ਇੱਕ ਹੀ **ਸਿੱਪੀ** ਵਿੱਚ ਪਲਣ ਵਾਲ਼ਾ ਦੂਸਰਾ **ਮੋਤੀ**। ਉਹ ਸੁਣਦਾ ਹੈ ਕਿ ਉਸ ਦੇ ਦੋਸਤ ਨੇ ਬਿਨ ਪਰਾਂ ਦੀਆਂ ਉਡਾਉਣਾ ਸ਼ੁਰੂ ਕਰ ਦਿੱਤੀਆਂ ਹਨ ਅਤੇ ਸ਼ਾਇਦ ਉਸਦੇ ਦਿਮਾਗ਼ ਵਿੱਚ ਫ਼ਰਕ਼ ਆ ਗਿਆ ਹੈ। ਉਹ ਆ ਕੇ ਕਹਿੰਦਾ ਹੈ ਕਿ ਸਿਰਫ਼ ਇਹ ਦੱਸੋ ਕਿ ਕੀ ਇਹ ਗੱਲਾਂ ਸੱਚ ਹਨ। ਆਪ ﷺ ਦੇ ਹਾਂ ਕਹਿਣ 'ਤੇ ਕਹਿੰਦਾ ਹੈ ਕਿ ਮੇਰੇ ਸੱਚੇ ਦੋਸਤ! ਮੈਂ ਆਪ ﷺ ਦੀ ਰਸਾਲਤ 'ਤੇ ਇਮਾਨ ਲਿਆਉਂਦਾ ਹਾਂ। ਖ਼ੁਦਾ ਤਆਲਾ ਦੀ **ਤਦਬੀਰ** ਦੇਖੋ, ਵਿਰੋਧ ਦਾ ਤੂਫ਼ਾਨ ਆਉਣ ਤੋਂ ਪਹਿਲਾਂ ਹੀ ਕਿਸ ਤਰ੍ਹਾਂ ਆਪ ﷺ ਦੇ ਸਾਥੀ ਪੈਦਾ ਕਰ ਦਿੱਤੇ। ਹਜ਼ਰਤ ਮੂਸਾ ਅਲੈਹਿੱਸ੍ ਸਲਾਮ ਨੇ ਦੁਆ ਮੰਗ ਕੇ ਇੱਕ **ਵਜ਼ੀਰ** ਬੋਝ ਉਠਾਉਣ ਦੇ ਲਈ ਮੰਗਿਆ ਸੀ ਪਰ ਮੁਹੰਮਦ ਰਸੂਲੁੱਲਾਹ ﷺ ਨੂੰ ਅੱਲਾਹ ਤਆਲਾ ਨੇ 5 ਵਜ਼ੀਰ ਬਿਨ ਮੰਗੇ ਹੀ ਦੇ ਦਿੱਤੇ ਅਤੇ ਅਜਿਹੇ ਵਜ਼ੀਰ ਜਿਨ੍ਹਾਂ ਨੇ ਆਪ ﷺ ਦੇ ਬੋਝ ਵਟਾਉਣ ਵਿੱਚ ਕਮਾਲ ਕਰ ਦਿੱਤਾ। ਵਰਕ਼ਃ ਬੇਸ਼ਕ ਛੇਤੀ ਫ਼ੌਤ ਹੋ ਗਏ ਪਰ ਇੱਕ ਨਾ ਮਿਟਣ ਵਾਲ਼ੀ ਗਵਾਹੀ ਆਪ ﷺ ਦੀ ਸੱਚਾਈ 'ਤੇ ਦੇ ਗਏ। ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਨੇ 12 ਸਾਲ ਤੱਕ ਔਰਤ ਹੋ ਕੇ ਉਹ ਕੰਮ ਕਰਕੇ ਦਿਖਾਇਆ ਕਿ ਬਹਾਦੁਰ ਤੋਂ ਬਹਾਦੁਰ ਮਰਦ ਦੀਆਂ ਅੱਖਾਂ ਨੀਵੀਆਂ ਹੁੰਦੀਆਂ ਹਨ। ਜ਼ੈਦ ਨੇ ਉਸ ਦੇ ਬਾਅਦ 20 ਸਾਲ ਤੱਕ ਕ਼ੁਰਬਾਨੀ ਦਾ ਬੇ-ਮਿਸਾਲ ਨਮੂਨਾ ਦਿਖਾਇਆ ਅਤੇ ਆਖ਼ਿਰ ਤਲਵਾਰਾਂ ਦੀਆਂ ਧਾਰਾਂ ਦੇ ਸਾਹਮਣੇ ਆਪਣਾ ਲਹੂ ਵਹਾ ਕੇ ਸਾਬਿਤ ਕਰ ਦਿੱਤਾ ਕਿ ਮੁਹੰਮਦ ਰਸੂਲੁੱਲਾਹ ﷺ ਦੇ ਵਜ਼ੀਰ ਕੈਸੇ ਹੋਣੇ ਚਾਹੀਦੇ ਹਨ। ਅਬੂ ਬਕਰ ਅਤੇ ਅਲੀ ਤਾਂ ਆਪ ﷺ ਦੀ ਵਫ਼ਾਤ ਦੇ ਬਾਅਦ ਵੀ ਰਹੇ ਅਤੇ ਖ਼ਲੀਫ਼ਾ ਬਣ ਕੇ ਵਜ਼ਾਰਤ ਦਾ ਇੱਕ ਨਵੇਂ ਰੰਗ ਵਿੱਚ ਸਬੂਤ ਦੇ ਗਏ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਸਾਡੇ ਆਕ਼ਾ ਅਤੇ ਸਰਦਾਰ ਹਜ਼ਰਤ ਮੁਹੰਮਦ ਰਸੂਲੁੱਲਾਹ ﷺ ਦਾ ਹੀ ਸਿਦਕ਼ ਅਤੇ ਵਫ਼ਾ ਦੇਖੋ, ਆਪ ﷺ ਨੇ ਹਰ ਇੱਕ ਕ਼ਿਸਮ ਦੇ ਦੁਸ਼ਮਣ ਦਾ ਮੁਕ਼ਾਬਲਾ ਕੀਤਾ, ਤਰ੍ਹਾਂ ਤਰ੍ਹਾਂ ਦੀਆਂ ਮੁਸੀਬਤਾਂ ਅਤੇ ਤਕਲੀਫ਼ਾਂ ਉਠਾਈਆਂ ਪਰ ਪਰਵਾਹ ਨਾ ਕੀਤੀ। ਇਹੀ ਸਿਦਕ਼ ਅਤੇ ਵਫ਼ਾ ਸੀ ਜਿਸ ਕਾਰਨ ਅੱਲਾਹ ਤਆਲਾ ਨੇ ਫ਼ਜ਼ਲ ਕੀਤਾ। ਇਸੇ ਲਈ ਅੱਲਾਹ ਤਆਲਾ ਨੇ ਫ਼ਰਮਾਇਆ إِنَّ اللّٰهَ وَمَلٰٓئِكَتَهٗ يُصَلُّوْنَ عَلَى النَّبِيِّ ۚ يٰٓاَيُّهَا الَّذِيْنَ اٰمَنُوْا صَلُّوْا عَلَيْهِ وَسَلِّمُوْا تَسْلِيْمًا ਅੱਲਾਹ ਤਆਲਾ ਅਤੇ ਉਸ ਦੇ ਤਮਾਮ ਫਰਿਸ਼ਤੇ ਰਸੂਲ ﷺ 'ਤੇ ਦਰੂਦ

ਭੇਜਦੇ ਹਨ। ਐ ਇਮਾਨ ਲਿਆਉਣ ਵਾਲਿਓ! ਤੁਸੀਂ ਵੀ ਉਸ ਉੱਤੇ **ਦਰੂਦ** ਅਤੇ **ਸਲਾਮ** ਭੇਜੋ। ਇਸ ਆਇਤ ਤੋਂ ਜ਼ਾਹਿਰ ਹੁੰਦਾ ਹੈ ਕਿ ਨਬੀ ਕਰੀਮ ﷺ ਦੇ ਅਮਲ ਅਜਿਹੇ ਸਨ ਕਿ ਅੱਲਾਹ ਤਆਲਾ ਨੇ ਉਨ੍ਹਾਂ ਦੀ ਤਾਰੀਫ਼ ਜਾਂ ਸਿਫ਼ਤਾਂ ਬਿਆਨ ਕਰਨ ਲਈ ਕੋਈ ਲਫ਼ਜ਼ ਖ਼ਾਸ ਨਹੀਂ ਕੀਤਾ। ਲਫ਼ਜ਼ ਤਾਂ ਮਿਲ਼ ਸਕਦੇ ਸਨ ਪਰ ਖ਼ੁਦ ਇਸਤੇਮਾਲ ਨਹੀਂ ਕੀਤੇ। ਯਾਨੀ ਆਪ ﷺ ਦੇ ਚੰਗੇ ਕਰਮਾਂ ਦੀ ਤਾਰੀਫ਼ ਬਿਆਨ ਤੋਂ ਬਾਹਰ ਸੀ। ਇਸ ਕ਼ਿਸਮ ਦੀ ਆਯਤ ਕਿਸੇ ਹੋਰ ਨਬੀ ਦੀ ਸ਼ਾਨ ਵਿੱਚ ਇਸਤੇਮਾਲ ਨਹੀਂ ਕੀਤੀ। ਆਪ ﷺ ਦੀ ਰੂਹ ਵਿੱਚ ਉਹ ਸਿਦਕ਼ ਅਤੇ ਵਫ਼ਾ ਸੀ ਅਤੇ ਆਪ ﷺ ਦੇ ਅਮਲ ਖ਼ੁਦਾ ਦੀ ਨਿਗਾਹ ਵਿੱਚ ਇਸ ਕ਼ਦਰ ਪਸੰਦੀਦਾ ਸਨ ਕਿ ਅੱਲਾਹ ਤਆਲਾ ਨੇ ਹਮੇਸ਼ਾ ਦੇ ਲਈ ਇਹ ਹੁਕਮ ਦਿੱਤਾ ਕਿ ਆਇੰਦਾ ਲੋਕ ਸ਼ੁਕਰਗੁਜ਼ਾਰੀ ਦੇ ਤੌਰ 'ਤੇ **ਦਰੂਦ** ਭੇਜਣ। ਆਪ ﷺ ਦੀ ਹਿੰਮਤ ਅਤੇ ਸਿਦਕ਼ ਉਹ ਸੀ ਕਿ ਜੇਕਰ ਅਸੀਂ ਉੱਤੇ ਜਾਂ ਥੱਲੇ ਨਿਗਾਹ ਕਰੀਏ ਤਾਂ ਉਸ ਦੀ ਮਿਸਾਲ ਨਹੀਂ ਮਿਲ਼ਦੀ। ਸਾਡੇ ਮੁਕ਼ੱਦਸ ਨਬੀ ﷺ ਨੇ ਹਜ਼ਾਰਾਂ ਇਨਸਾਨਾਂ ਨੂੰ ਦਰੁਸਤ ਕੀਤਾ ਜਿਹੜੇ ਜਾਨਵਰਾਂ ਤੋਂ ਬਦਤਰ ਸਨ, ਕੁੱਝ ਮਾਵਾਂ ਅਤੇ ਭੈਣਾਂ ਵਿੱਚ ਜਾਨਵਰਾਂ ਦੀ ਤਰ੍ਹਾਂ ਫ਼ਰਕ਼ ਨਹੀਂ ਕਰਦੇ ਸਨ, ਯਤੀਮਾਂ ਦਾ ਮਾਲ ਖਾਂਦੇ ਸਨ, ਮੁਰਦਿਆਂ ਦਾ ਮਾਲ ਖਾਂਦੇ ਸਨ, ਕੁੱਝ ਸਿਤਾਰਾ ਪ੍ਰਸਤ ਸਨ, ਕੁੱਝ ਬੇ-ਦੀਨ ਸਨ, ਕੁੱਝ ਤੱਤ ਪ੍ਰਸਤ ਸਨ। ਅਰਬ ਦਾ ਦੀਪ ਕੀ ਸੀ, ਵੱਖ-ਵੱਖ ਧਰਮਾਂ ਦਾ ਇੱਕ ਸਮੂਹ ਆਪਣੇ ਅੰਦਰ ਰੱਖਦਾ ਸੀ। ਇਸ ਨਾਲ਼ ਵੱਡਾ ਫ਼ਾਇਦਾ ਇਹ ਹੋਇਆ ਕਿ ਕ਼ੁਰਆਨ ਕਰੀਮ ਹਰ ਇੱਕ ਕ਼ਿਸਮ ਦੀ ਸਿੱਖਿਆ ਆਪਣੇ ਅੰਦਰ ਰੱਖਦਾ ਹੈ ਅਤੇ ਹਰ ਇੱਕ ਗ਼ਲਤ ਧਾਰਨਾ ਜਾਂ ਬੁਰੀ ਸਿੱਖਿਆ, ਜਿਹੜੀ ਦੁਨੀਆ ਵਿੱਚ ਮੁਮਕਿਨ ਹੈ, ਉਸ ਦੇ ਖ਼ਤਮ ਕਰਨ ਦੇ ਲਈ ਕਾਫ਼ੀ ਸਿੱਖਿਆ ਇਸ ਵਿੱਚ ਮੌਜੂਦ ਹੈ। ਇਹ ਅੱਲਾਹ ਤਆਲਾ ਦੀ ਗਹਿਰੀ **ਹਿਕਮਤ** ਹੈ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅੱਲਾਹ ਤਆਲਾ ਨੇ ਭੇਜਿਆ ਅਤੇ ਉਸ ਜ਼ਮਾਨੇ ਵਿੱਚ ਭੇਜਿਆ ਜਦ ਜਾਹਿਲੀਅਤ ਦੀ ਇੰਤਿਹਾ ਹੋਈ ਪਈ ਸੀ ਅਤੇ ਫਿਰ ਉਨ੍ਹਾਂ ਜਾਨਵਰਾਂ ਨੂੰ ਇਨਸਾਨ ਬਣਾਇਆ।

أَللّٰهُمَّ صَلِّ عَلٰی مُحَمَّدٍ وَّ عَلٰی آلِ مُحَمَّدٍ وَّ بَارِكْ وَ سَلِّمْ اِنَّكَ حَمِيْدٌ مَّجِيْدٌ

ਹਜ਼ੂਰ ਅਨਵਰ ਨੇ ਫ਼ਰਮਾਇਆ ਅੱਲਾਹ ਤਆਲਾ ਸਾਨੂੰ ਆਪ ﷺ ਦੇ ਉਸਵੇ 'ਤੇ ਚਲਦੇ ਹੋਏ ਸੱਚਾਈ ਦੇ ਮਿਆਰਾਂ ਨੂੰ ਬੁਲੰਦ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِی الْقُرْبٰی وَيَنْهٰی عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞